**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104 - 106, ਸੈਕਟਰ 34 ਏ, ਚੰਡੀਗੜ੍ਹ**

**ਸੇਵਾ ਵਿਖੇ**

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ)
2. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ ਸਿ)

ਮੀਮੋ ਨੰ ਸਸਅ/ਪੈਡਾਗੋਜੀ/09/045380 - 399, 045406 - 425
ਮਿਤੀ ਚੰਡੀਗੜ੍ਹ 10 ਜੂਨ, 2009

**ਵਿਸ਼ਾ** **ਸਕੂਲਾਂ ਵਿੱਚ ਪੋਸਟ ਆਫਿਸ ਬਾਕਸ ਕ੍ਰਿਆ ਵਿੱਚ ਲਿਆਉਣ ਬਾਰੇ**

1.0 ਆਪ ਜੀ ਦਾ ਧਿਆਨ ਉਪਰੋਕਤ ਵਿਸ਼ੇ ਤੇ ਇਸ ਦਫਤਰ ਵਲੋ ਜਾਰੀ ਕੀਤੇ ਵੱਖ ਵੱਖ ਪੱਤਰਾਂ, ਜਿਹਨਾਂ ਦਾ ਵੇਰਵਾ ਮਾਰਜਿਨ ਵਿੱਚ ਦਿੱਤਾ ਗਿਆ ਹੈ, ਵੱਲ ਦਵਾਇਆ ਜਾਂਦਾ ਹੈ ।

2.0 ਆਪ ਜੀ ਨੂੰ ਪਤਾ ਹੈ ਕਿ ਅੱਜ ਕੱਲ ਇਲੈਕਟ੍ਰਾਨਿਕ ਮੀਡੀਏ ਦੀ ਵਰਤੋਂ ਕਰਕੇ ਸਕੂਲੀ ਬੱਚਿਆਂ ਵਿੱਚ ਕਿਤਾਬਾਂ ਪੜ੍ਹਣ ਦੀ ਆਦਤ ਘੱਟਦੀ ਜਾ ਰਹੀਂ ਹੈ । ਆਮ ਲੋਕਾਂ ਵਿੱਚ ਵੀ ਟੈਲੀਫੋਨ, ਮੋਬਾਈਲ ਫੋਨ ਦੀ ਆਮ ਵਰਤੋ ਕਰਕੇ ਪੱਤਰ ਵਿਵਹਾਰ ਕਰਨ ਦੀ ਆਦਤ ਬਹੁਤ ਘਟੱਦੀ ਜਾ ਰਹੀਂ ਹੈ । ਇਸ ਤੋ ਇਲਾਵਾ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਬੱਚਿਆਂ ਨੂੰ ਜਦੋ ਤੀਕ ਆਪਣੇ ਆਪ ਲਿਖਣ ਦਾ ਮੌਕਾ ਨਾ ਦਿੱਤਾ ਜਾਵੇ, ਉਹਨਾਂ ਵਿੱਚ ਛੁਪੀ ਕਾਬਲੀਅਤ ਬਾਹਰ ਨਹੀਂ ਆਉਂਦੀ ਹੈ ।

3.0 ਪਿਛਲੇ ਕੁੱਝ ਦਿਨੀਂ ਨੈਸ਼ਨਲ ਕੌਸਲ ਆਫ ਐਜੂਕੇਸ਼ਨਲ ਰਿਸਰਚ ਅਤੇ ਟ੍ਰੇਨਿੰਗ, ਨਵੀਂ ਦਿੱਲੀ ਵਲੋ ਇੱਕ ਕਾਂਨਫਰੰਸ ਕਰਵਾਈ ਗਈ ਸੀ ਜਿਸ ਦੇ ਵਿੱਚ ਬਾਕੀ ਗੱਲਾ ਤੋ ਇਲਾਵਾ ਇਸ ਗੱਲ ਤੇ ਜ਼ੋਰ ਪਾਇਆ ਗਿਆ ਸੀ ਕਿ ਸਕੂਲਾਂ ਵਿੱਚ ਪੋਸਟ ਆਫਿਸ ਬਾਕਸ ਦੀ ਪ੍ਰਥਾ ਨੂੰ ਚਾਲੂ ਕੀਤਾ ਜਾਵੇ ਜਿਸ ਨਾਲ ਬੱਚਿਆਂ ਨੂੰ ਨਾ ਸਿਰਫ ਪੱਤਰ ਲਿਖਣ ਦੀ ਆਦਤ ਪਵੇਗੀ ਬਲਕਿ ਇਸ ਦੇ ਨਾਲ ਉਨ੍ਹਾਂ ਦੀ ਪੜ੍ਹਣ, ਭਾਸ਼ਾ ਦੀ ਲਿਖਾਈ ਅਤੇ ਉਹਨਾਂ ਦੇ ਅੰਦਰ ਛੁੱਪੀ ਕਾਬਲੀਅਤ

ਵੀ ਬਾਹਰ ਆਵੇਗੀ । ਬੇਸ਼ਕ ਬੱਚੇ ਪੱਤਰ ਆਪਣੇ ਅਧਿਆਪਕ ਨੂੰ ਜਾਂ ਨਾਲ ਦੇ ਵਿਦਿਆਰਥੀਆਂ ਨੂੰ ਹੀ ਲਿਖਣ, ਪਰੰਤੂ ਇਸ ਤਰ੍ਹਾਂ ਕਰਨ ਨਾਲ ਬੱਚਿਆ ਦੇ ਪੜ੍ਹਣ ਅਤੇ ਲਿਖਣ ਦੀ ਸਮਰੱਥਾ ਵਿੱਚ ਬਹੁਤ ਵਾਧਾ ਹੋਵੇਗਾ ।

4.0 ਉਪਰੋਕਤ ਨੂੰ ਮੁੱਖ ਰੱਖਦੇ ਹੋਇਆ ਆਪ ਜੀ ਨੂੰ ਮੋਹਾਲੀ ਵਿਖੇ 5 ਅਤੇ 6 ਅਪ੍ਰੈਲ, 2009 ਨੂੰ ਲਗਾਈ ਗਈ ਵਰਕਸ਼ਾਪ ਵਿੱਚ ਵੀ ਇਸ ਮੁੱਦੇ ਤੇ ਬੜੇ ਵਿਸਥਾਰਪੂਰਵਕ ਰੂਪ ਵਿੱਚ ਦੱਸਿਆ ਗਿਆ ਸੀ । ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਜ਼ਿਲ੍ਹੇ ਦੇ ਵੱਖ ਵੱਖ ਸਕੂਲਾਂ ਨੂੰ ਇਹ ਹਦਾਇਤਾਂ ਜਾਰੀ ਕੀਤੀਆ ਜਾਣ ਕਿ ਉਹ ਆਪਣੇ ਆਪਣੇ ਸਕੂਲਾਂ ਵਿੱਚ ਪੋਸਟ ਆਫਿਸ ਬਾਕਸਾਂ ਨੂੰ ਚਾਲੂ ਕਰਨ ਅਤੇ ਕਿਸੀ ਇੱਕ ਅਧਿਆਪਕ ਦੀ ਬਤੌਰ ਨੋਡਲ ਅਫਸਰ ਡਿਉਟੀ ਲਗਾਉਣ । ਕਿਸੀ ਇੱਕ ਬੱਚੇ ਨੂੰ ਇਹ ਚਿੱਠੀਆਂ ਛਾਂਟ ਕੇ ਸਬੰਧਤਾ ਨੂੰ ਪਹੁੰਚਾਉਣ ਲਈ ਵੀ ਹਰ ਹਫਤੇ ਪ੍ਰੇਰਿਤ ਕੀਤਾ ਜਾਵੇ । ਬੱਚਿਆ ਤੋ ਪ੍ਰਾਪਤ ਹੋਏ ਚੰਗੇ ਪੱਤਰਾ ਨੂੰ ਸਕੂਲ ਆਪਣੇ ਪੱਧਰ ਤੇ ਰੱਖ ਕੇ ਅਜਿਹੇ ਬੱਚਿਆਂ ਨੂੰ ਸਨਮਾਨਤ ਕਰਨ । ਜੇਕਰ ਤੁਸੀਂ ਠੀਕ ਸਮਝੋ ਤਾਂ ਮੁੱਖ ਦਫਤਰ ਨੂੰ ਵੀ ਚੰਗੀਆ ਚਿੱਠੀਆਂ ਭੇਜੀਆ ਜਾਣ ਤਾਂ ਜੋ ਵੱਖ ਵੱਖ ਜ਼ਿਲ੍ਹਿਆਂ ਨਾਲ ਵੀ ਇਹ ਸਾਂਝੀਆ ਕੀਤੀਆ ਜਾ ਸਕਣ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਮਾਰਜਿਨ

| ਲੜੀ ਨੰ | ਪੱਤਰ ਨੰ | ਮਿਤੀ |
|---|---|---|
| 1 | ਏਐਸਪੀਡੀ ਪੈਡਾਗੌਜੀ/ ਸਸਅ/ 2008/ 11300-11319 | 21.4.2008 |
| 2 | ਏਐਸਪੀਡੀ ਪੈਡਾਗੌਜੀ/ ਸਸਅ/ 2008/ 030740-030759 | 4.9.2008 |
| 3 | ਏਐਸਪੀਡੀ ਪੈਡਾਗੌਜੀ/ ਸਸਅ/ 2008/ 039868-039887 | 11.5.2009 |

ਈ ਮੇਲ ਰਾਹੀਂ

ਪਿਠ ਅੰਕਣ ਨੰ 045495 - 045514 ਮਿਤੀ ਚੰਡੀਗੜ੍ਹ 10 ਜੂਨ, 2009

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਮੰਡਲ ਸਿੱਖਿਆ ਅਫਸਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ